## ਸ਼ੇਖ ਫ਼ਰੀਦ - ਸਬਦ ੧੨੦

ਫਰੀਦਾ ਦਰਵੇਸੀ ਗਾਖੜੀ ਚੋਪੜੀ ਪਰੀਤਿ ॥

ਸਲੋਕ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੧੩੮੪

ਫਰੀਦਾ ਦਰਵੇਸੀ ਗਾਖੜੀ ਚੋਪੜੀ ਪਰੀਤਿ ॥
ਇਕਨਿ ਕਿਨੈ ਚਾਲੀਐ ਦਰਵੇਸਾਵੀ ਰੀਤਿ ॥੧੧੮॥

ਸਾਰ: ਆਰਾਮ ਦਾ ਭਰਮ ਇਹ ਦਰਸਾਉਂਦਾ ਹੈ ਕਿ ਸਾਡਾ ਮਨ ਅਕਸਰ ਹਕੀਕਤ ਤੋਂ ਕਿਵੇਂ ਬਚਦਾ ਹੈ ਅਤੇ ਸੱਚ ਦੇ ਔਖੇ ਪੈਂਡੇ ਉਪਰ ਤੁਰਨ ਦੀ ਬਜਾਇ, ਸੁਖਦਾਇਕ ਰਾਹ ਦਾ ਪਾਂਧੀ ਬਣ ਜਾਂਦਾ ਹੈ। ਹੈਰਾਨਗੀ ਇਸ ਤੱਥ ਦੀ ਹੈ ਕਿ ਸੁਖ ਅਰਾਮ ਦੀ ਤਾਂਘ ਬੇਚੈਨੀ ਵੱਲ ਤੋਰ ਸਕਦੀ ਹੈ, ਕਿਉਂ ਕਿ ਆਰਾਮ ਅਤੇ ਬੇਅਰਾਮੀ ਆਪਸ ਵਿਚ ਤਦਰੂਪ ਹਨ। ਜਦੋਂ ਅਸੀਂ ਆਪਣੀਆਂ ਆਸਾਂ ਨੂੰ ਸੰਤੁਲਿਤ ਕਰਨ ਦੇ ਰਾਹ ਤੋਰਦੇ ਹਾਂ, ਤਾਂ ਸਾਡੇ ਅੰਦਰ ਸੰਤੋਖ ਦਾ ਵਿਗਸਣਾ ਵੀ ਸ਼ੁਰੂ ਹੋ ਜਾਂਦਾ ਹੈ, ਜੋ ਸਾਨੂੰ ਚਿਰੰਜੀਵੀ ਆਰਾਮ ਦਿੰਦਾ ਹੈ।

ਫਰੀਦਾ ਦਰਵੇਸੀ ਗਾਖੜੀ ਚੋਪੜੀ ਪਰੀਤਿ ॥
ਫਰੀਦ ਕਹਿੰਦੇ ਹਨ ਕਿ ਇਕ ਸ਼ਰਧਾਲੂ ਸਾਧਕ ਦੀ ਯਾਤਰਾ ਬਿਖਮ ਹੋ ਜਾਂਦੀ ਹੈ ਜਦੋਂ ਉਹ ਮੋਹ ਦੀਆਂ ਤੰਦਾਂ ਨਾਲ ਲਿਪਟਿਆ ਰਹਿੰਦਾ ਹੈ। ਇਹ ਭਾਵ ਦਰਸਾਉਂਦਾ ਹੈ ਕਿ ਮੋਹ ਭਾਰੀ ਹੋ ਜਾਂਦਾ ਹੈ ਅਤੇ ਸਾਨੂੰ ਰੂਹਾਨੀ ਤੌਰ ਆਪਣੇ ਭਾਰ ਹੇਠ ਦੱਬ ਲੈਂਦਾ ਹੈ।

ਇਕਨਿ ਕਿਨੈ ਚਾਲੀਐ ਦਰਵੇਸਾਵੀ ਰੀਤਿ ॥੧੧੮॥
ਸੱਚੀ ਸਾਧਨਾ ਦੇ ਮਾਰਗ 'ਤੇ ਸਿਰਫ਼ ਕੁਝ ਕੁ ਸਾਧਕ ਹੀ ਚੱਲ ਪਾਉਂਦੇ ਹਨ। ਇਹ ਭਾਵ ਦਰਸਾਉਂਦਾ ਹੈ ਕਿ ਲਾਲਸਾਵਾਂ ਅਤੇ ਭਟਕਾਣਵਾਂ ਦੇ ਸਾਮ੍ਹਣੇ ਦ੍ਰਿੜ ਰਹਿਣਾ ਕਿੰਨਾ ਕੀਮਤੀ ਹੈ ਜੋ ਸਾਨੂੰ ਸਹੀ ਰਸਤੇ ਤੋਂ ਭਰਮਾ ਸਕਦੇ ਹਨ। (੧੧੮)

ਤੱਤ: ਸ਼ੇਖ ਫ਼ਰੀਦ ਇਸ ਤੱਥ ਦੀ ਪੁਸ਼ਟੀ ਕਰਦੇ ਹਨ ਕਿ ਸੱਚੀ ਆਜ਼ਾਦੀ ਦਾ ਸਫ਼ਰ ਉਨ੍ਹਾਂ ਸੂਰਿਆਂ ਲਈ ਰਾਖਵਾਂ ਹੈ ਜੋ ਹਕੀਕਤ ਦੀ ਸਪੱਸ਼ਟਤਾ ਲਈ ਦਿਲਕਸ਼ ਭਰਮਾਂ ਦਾ ਵਪਾਰ ਪੂਰੀ ਬਹਾਦਰੀ ਨਾਲ ਕਰਦੇ ਹਨ। ਇਸ ਮਾਰਗ ਲਈ ਅਟੁੱਟ ਵਚਨਬੱਧਤਾ ਦੀ ਲੋੜ ਹੁੰਦੀ ਹੈ ਤਾਂ ਜੋ ਲਾਲਸਾਵਾਂ ਅਤੇ ਭਟਕਾਉ ਖਿੱਚਾਂ ਦੇ ਸਾਮ੍ਹਣੇ ਦ੍ਰਿੜਤਾ ਨਾਲ ਟਿਕਿਆ ਜਾ ਸਕੇ, ਇਹ ਭਰਮਮਈ ਵਰਤਾਰੇ ਸਾਨੂੰ ਆਸਾਨੀ ਨਾਲ ਸਾਡੇ

ਟੀਚਿਆਂ ਤੋਂ ਭਟਕਾ ਸਕਦੇ ਹਨ। ਪਰ, ਇਨ੍ਹਾਂ ਚੁਣੌਤੀਆਂ ਨੂੰ ਅਪਣਾ ਕੇ, ਅਸੀਂ ਜੀਵਨ ਉਦੇਸ਼ ਅਤੇ ਭਰਪੂਰਤਾ ਦੇ ਮਾਰਗ ਦੇ ਪਾਂਧੀ ਬਣ ਜਾਂਦੇ ਹਾਂ, ਜੋ ਗੁਣ ਸਾਡੀ ਜ਼ਿੰਦਗੀ ਨੂੰ ਅਮੀਰ ਬਣਾਉਂਦੇ ਹਨ।

---


ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**